# ਦਲਿਤਾਂ ਦੀ ਖਲਾਸੀ ਦਾ ਰਾਹ

ਹਾਲ ਵਿਚ ਹੀ ਛਪੀ ਇਕ ਰਿਪੋਰਟ ਮੁਤਾਬਿਕ ਹਿੰਦੁਸਤਾਨ ਦੇ ਦਲਿਤਾਂ ਦੀ ਵਸੋਂ ਦਾ ਦੋ ਤਿਹਾਈ ਲੋਕ ਗ਼ੁਰਬਤ ਦਾ ਸ਼ਿਕਾਰ ਹਨ। ਅਸਲੀਅਤ ਵਿਚ ਇਹ ਨਫ਼ਰੀ ਇਸ ਤੋਂ ਵੀ ਜ਼ਿਆਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਜੇ ਸਿਹਤ, ਤਾਲੀਮ ਅਤੇ ਰੁਜ਼ਗਾਰ ਦੇ ਵਸੀਲਿਆਂ ਦੀ ਮੌਜੂਦਗੀ ਨੂੰ ਧਿਆਨ ਵਿਚ ਰੱਖ ਕੇ ਗੱਲ ਕੀਤੀ ਜਾਵੇ ਤਾਂ ਇਹ ਗਿਣਤੀ ਨੱਬੇ ਫੀ ਸਦੀ ਦੇ ਕਰੀਬ ਹੋ ਜਾਂਦੀ ਹੈ।

ਚੜ੍ਹਦੇ ਪੰਜਾਬ ਵਿਚ ਦਲਿਤਾਂ ਦੀ ਗਿਣਤੀ ਕੁਲ ਵਸੋਂ ਦੀ ਇਕ ਤਿਹਾਈ ਦੱਸੀ ਜਾਂਦੀ ਹੈ ਅਤੇ ਇਕ ਜਾਇਜ਼ੇ ਮੁਤਾਬਿਕ ਇਨ੍ਹਾਂ ਲੋਕਾਂ ਕੋਲ ਪੰਜਾਬ ਵਿਚ ਵਾਹੀ ਯੋਗ ਕੁਲ ਜ਼ਮੀਨ ਦਾ ਸਿਰਫ਼ ਦੋ ਫੀ ਸਦੀ ਹਿੱਸਾ ਹੀ ਹੈ। ਹਰ ਸਾਲ ਹਿੰਦੁਸਤਾਨ ਵਿਚ ਉੱਚੀਆਂ ਜ਼ਾਤਾਂ ਵਾਲੇ ਵਡੇਰਿਆਂ ਵਲੋਂ ਦਲਿਤਾਂ ਉੱਤੇ ਹਜ਼ਾਰਾਂ ਹਮਲੇ ਜਥੇਬੰਦ ਕੀਤੇ ਜਾਂਦੇ ਹਨ। ਉਨ੍ਹਾਂ ਦੇ ਕਤਲ ਕਰ ਦਿੱਤੇ ਜਾਂਦੇ ਹਨ, ਦਲਿਤ ਔਰਤਾਂ ਅਤੇ ਕੁੜੀਆਂ ਦੀ ਸ਼ਰ੍ਹੇਆਮ ਪੱਤ ਲੁੱਟੀ ਜਾਂਦੀ ਹੈ ਅਤੇ ਹਰ ਰੋਜ਼ ਇਹੋ ਜਿਹੀ ਖ਼ਬਰਾਂ ਅਖ਼ਬਾਰਾਂ ਵਿਚ ਪੜ੍ਹਨ ਨੂੰ ਮਿਲਦੀਆਂ ਹਨ। ਕੋਈ ਦਿਨ ਇਹੋ ਜਿਹਾ ਨਹੀਂ ਗੁਜ਼ਰਦਾ ਜਿਸ ਦਿਨ ਕਿਸੇ ਦਲਿਤ ਦੇ ਘਰ ਜਾਂ ਝੌਂਪੜੀ ਜਾਂ ਉਨ੍ਹਾਂ ਦੀ ਆਬਰੂ ਤੇ ਹਮਲਾ ਨਾ ਹੋਇਆ ਹੋਵੇ। ਇਹ ਹਮਲੇ ਕਰਨ ਵਾਲਿਆਂ ਨੂੰ ਜ਼ਿਆਦਾਤਰ ਕੋਈ ਸਜ਼ਾ ਨਹੀਂ ਹੁੰਦੀ। ਦੱਸਿਆ ਜਾਂਦਾ ਹੈ ਕਿ ਲਹਿੰਦੇ ਪੰਜਾਬ ਵਿਚ ਵੀ ਇਹੋ ਹਾਲ ਹੈ। ਹਿੰਦ ਉਪ-ਮਹਾਂਦੀਪ ਦੇ ਬਾਕੀ ਇਲਾਕੇ ਦੇ ਦਲਿਤ ਵੀ ਇਸੇ ਤਰ੍ਹਾਂ ਦੇ ਜ਼ੁਲਮ ਜਬਰ ਹੇਠ ਪੀਹ ਹੋ ਰਹੇ ਹਨ।

ਦਲਿਤ ਲੋਕ ਇਸ ਜਬਰ-ਜ਼ੁਲਮ ਤੋਂ ਕਿਸ ਤਰ੍ਹਾਂ ਮੁਕਤ ਹੋ ਸਕਦੇ ਹਨ? ਉਹ ਇੱਜ਼ਤ ਦੀ ਜ਼ਿੰਦਗੀ ਕਿਸ ਤਰ੍ਹਾਂ ਬਸਰ ਕਰ ਸਕਦੇ ਹਨ? ਇਹ ਸੁਆਲ ਅਜੇਹੇ ਬੁਨਿਆਦੀ ਸੁਆਲ ਹਨ ਜਿਨ੍ਹਾਂ ਦਾ ਹੱਲ ਦਲਿਤਾਂ ਨੂੰ ਅਤੇ ਹਿੰਦੁਸਤਾਨ ਦੇ ਬਾਕੀ ਲੋਕਾਂ ਨੂੰ ਕਰਨਾ ਹੀ ਪਵੇਗਾ। ਇਹ ਮਸਲਾ ਹਿੰਦੁਸਤਾਨ ਦੇ ਸਮਾਜ ਦੇ ਬੁਨਿਆਦੀ ਹੱਕਾਂ ਦਾ ਮਸਲਾ ਹੈ। ਇਹ ਮਸਲਾ ਹੱਲ ਮੰਗਦਾ ਹੈ।

ਇਕ ਗੱਲ ਤਾਂ ਸਾਫ਼ ਹੈ ਕਿ ਹਾਕਮ ਟੋਲਾ ਅਤੇ ਉਨ੍ਹਾਂ ਦਾ ਰਾਜ ਤੰਤ੍ਰ ਇਸ ਮਸਲੇ ਦੇ ਹੱਲ ਵਿਚ ਕੋਈ ਦਿਲਚਸਪੀ ਨਹੀਂ ਰੱਖਦਾ। ਪਿਛਲੇ 63 ਸਾਲਾਂ ਦਾ ਤਜਰਬਾ ਇਹ ਹੀ ਦੱਸਦਾ ਹੈ ਕਿ ਆਜ਼ਾਦੀ ਦੇ 63 ਸਾਲਾਂ ਬਾਅਦ ਅਜੇ ਵੀ ਦਲਿਤਾਂ ਦਾ ਹਾਲ ਬਹੁਤ ਭੈੜਾ ਹੈ ਅਤੇ ਉਹ ਹਰ ਰੋਜ਼ ਜਬਰ ਦੇ ਸ਼ਿਕਾਰ ਹੋ ਰਹੇ ਹਨ। ਦਲਿਤਾਂ ਦੀ ਰਾਖੀ ਲਈ ਕਾਨੂੰਨ ਤਾਂ ਬਣਾਏ ਗਏ ਹਨ ਪਰ ਹਾਕਮ ਟੋਲਾ ਆਪ ਹੀ ਇਨ੍ਹਾਂ ਕਨੂੰਨਾਂ ਤੇ ਅਮਲ ਨਹੀਂ ਕਰਦਾ। ਰਾਜ ਤੰਤ੍ਰ ਦੇ ਅਦਾਰਿਆਂ ਅਤੇ ਸਿਆਸੀ ਪਾਰਟੀਆਂ ਵਿਚ ਵੀ ਜ਼ਾਤ ਪਾਤ ਦੇ ਅਧਾਰ ਤੇ ਵਿਤਕਰਾ ਕੀਤਾ ਜਾਂਦਾ ਹੈ। ਕਾਂਗਰਸ, ਬੀ ਜੇ ਪੀ ਅਤੇ ਹੋਰਨਾਂ ਪਾਰਟੀਆਂ ਵਿਚ ਦਲਿਤਾਂ ਨਾਲ ਇਹ ਵਿਤਕਰਾ ਸ਼ਰ੍ਹੇਆਮ ਕੀਤਾ ਜਾਂਦਾ ਹੈ।

ਇਸ ਮਸਲੇ ਦਾ ਇਕ ਹੋਰ ਗੁੰਝਲਦਾਰ ਪੱਖ ਇਹ ਹੈ ਕਿ ਬਹੁਜਨ ਸਮਾਜ ਪਾਰਟੀ ਜਾਂ ਡੀ ਐਮ ਕੇ ਵਰਗੀਆਂ ਪਾਰਟੀਆਂ ਅਖੌਤੀ ਤੌਰ ਤੇ ਦਲਿਤਾਂ ਦੀਆਂ ਪਾਰਟੀਆਂ ਤਾਂ ਕਹਾਉਂਦੀਆਂ ਹਨ ਪਰ ਤਾਕਤ ਵਿਚ ਆ ਕੇ ਇਹ ਹਾਕਮ ਟੋਲੇ ਨਾਲ ਘਿਉ ਖਿਚੜੀ ਹੋ ਜਾਂਦੀਆਂ ਹਨ। ਆਪਣੀਆਂ ਪੁਜ਼ੀਸ਼ਨਾਂ ਕਾਇਮ ਰੱਖਣ ਲਈ ਇਹ ਉਸੇ ਢਾਂਚੇ ਦੀਆਂ ਨਿਗਾਹਬਾਨ ਬਣ ਜਾਂਦੀਆਂ ਹਨ ਜੋ ਢਾਂਚਾ ਦਲਿਤਾਂ ਉੱਤੇ ਹੁੰਦੇ ਜਬਰ ਅਤੇ ਜ਼ੁਲਮ ਲਈ ਜ਼ਿੰਮੇਵਾਰ ਹੈ। ਉੱਤਰ ਪ੍ਰਦੇਸ਼ ਅਤੇ ਤਾਮਿਲਨਾਡੂ ਵਿਚ ਇਹ ਪਾਰਟੀਆਂ ਤਾਕਤ ਵਿਚ ਆਉਂਦੀਆਂ ਰਹੀਆਂ ਹਨ ਪਰ ਆਮ ਦਲਿਤ ਲੋਕਾਂ ਦੀ ਹਾਲਤ ਵਿਚ ਇਥੇ ਵੀ ਕੋਈ ਸੁਧਾਰ ਨਹੀਂ ਲਿਆ ਸਕੀਆਂ। ਉਤਰ ਪ੍ਰਦੇਸ਼ ਦੇ ਪਿੰਡਾ ਵਿਚ ਅਜੇ ਵੀ ਦਲਿਤਾਂ ਦੇ ਬਥੇਰੇ ਕਤਲ ਹੁੰਦੇ ਹਨ ਅਤੇ ਦਲਿਤ ਔਰਤਾਂ ਨੂੰ ਬੇਪੱਤ  ਕੀਤਾ ਜਾਂਦਾ ਹੈ।

ਦਲਿਤਾਂ ਦਾ ਇਕ ਛੋਟਾ ਜਿਹਾ ਹਿਸਾ ਹਾਕਮ ਟੋਲੇ ਦਾ ਹੱਥ-ਠੋਕਾ ਬਣ ਗਿਆ ਹੈ ਜੋ ਦਲਿਤਾਂ ਦੀ ਪੱਤ ਲਹਾ ਕੇ ਆਪਣੀਆਂ ਜੇਬਾਂ ਭਰਨ ਵਿਚ ਮਸਤ ਹੈ। ਦਲਿਤਾਂ ਦੀ ਇਨ੍ਹਾਂ ਸਿਆਸੀ ਪਾਰਟੀਆਂ ਦੀ ਵਾਗ-ਡੋਰ ਵੀ ਇਸੇ ਟੋਲੇ ਦੇ ਹੱਥ ਵਿਚ ਹੈ। ਇਸ ਲਈ ਉਹ ਦਲਿਤਾਂ ਨੂੰ ਵੋਟ ਬੈਂਕ ਬਣਾ ਕੇ ਹਾਕਮ ਟੋਲੇ ਨਾਲ ਸੌਦੇਬਾਜ਼ੀ ਕਰਕੇ ਆਪਣੀਆਂ ਜੇਬਾਂ ਭਰਦੇ ਰਹਿੰਦੇ ਹਨ ਪਰ ਦਲਿਤਾਂ ਦੀ ਹਾਲਤ ਖ਼ਸਤਾ ਦੀ ਖ਼ਸਤਾ ਹੀ ਰਹਿੰਦੀ ਹੈ। ਨਾਅਰੇ ਤੇ ਇਹ ਦਲਿਤਾਂ ਦੇ ਹੱਕਾਂ ਦੇ ਲਾਉਂਦੇ ਹਨ ਪਰ ਤਾਕਤ ਵਿਚ ਆ ਕੇ ਕੰਮ ਇਨ੍ਹਾਂ ਦੇ ਵੀ ਹਾਕਮ ਟੋਲੇ ਦੀਆਂ ਹੋਰ ਪਾਰਟੀਆਂ ਵਾਲੇ ਹੀ ਹੁੰਦੇ ਹਨ। ਹਾਂ, ਇਹ ਟੋਲਾ ਆਪਣੇ ਲਈ  ਪੈਸਾ, ਐਸ਼ ਅਤੇ ਆਰਾਮ ਦਾ ਪ੍ਰਬੰਧ ਜ਼ਰੂਰ ਕਰ ਲੈਂਦਾ ਹੈ।

ਇਸ ਲਈ ਹਾਲਾਤ ਇਹ ਸੁਆਲ ਉਠਾਉਂਦੇ ਹਨ ਕਿ ਦਲਿਤਾਂ ਦੀ ਮੁਕਤੀ ਕਿਸ ਤਰ੍ਹਾਂ ਹੋ ਸਕਦੀ ਹੈ? ਪਿਛਲੀ ਅੱਧੀ ਸਦੀ ਤੋਂ ਵੀ ਜ਼ਿਆਦਾ ਤਜਰਬਾ ਦੱਸਦਾ ਹੈ ਕਿ ਇਹ ਕੰਮ ਦਲਿਤਾਂ ਨੂੰ ਆਪ ਹੀ ਕਰਨਾ ਪਵੇਗਾ। ਸ਼ਹੀਦ ਭਗਤ ਸਿੰਘ ਨੇ ਇਸ ਮਸਲੇ ਤੇ ਲਿਖਦੇ ਹੋਏ 1926 ਵਿਚ ਕਿਹਾ ਸੀ ਤੁਹਾਨੂੰ ਆਪ ਹੀ ਇੱਕਮੁੱਠ ਹੋ ਕੇ ਆਪਣੇ ਹੱਕਾਂ ਲਈ ਲੜਣ ਦੀ ਲੋੜ ਹੈ। ਦਲਿਤਾਂ ਨੂੰ ਆਪਣੇ ਹੱਕਾਂ ਲਈ ਆਪ ਹੀ ਜਥੇਬੰਦ ਹੋ ਕੇ ਇਕ ਪੁਰਜ਼ੋਰ ਸੰਘਰਸ਼ ਚਲਾਉਣ ਦੀ ਲੋੜ ਹੈ। ਆਪਣੀ ਮੁਕਤੀ ਲਈ ਉਹ ਕਿਸੇ ਵੀ ਸਿਆਸੀ ਪਾਰਟੀ ਤੇ ਨਿਰਭਰ ਨਹੀਂ ਕਰ ਸਕਦੇ। ਹਰੇਕ ਸਿਆਸੀ ਪਾਰਟੀ ਨੇ ਉਨ੍ਹਾਂ

ਨੂੰ ਦਗਾ ਹੀ ਦਿੱਤਾ ਹੈ ਅਤੇ ਵੱਖ ਵੱਖ ਨਾਅਰਿਆਂ ਅਤੇ ਵਾਅਦਿਆਂ ਹੇਠ ਉਨ੍ਹਾਂ ਨਾਲ ਗੱਦਾਰੀ ਹੀ ਕੀਤੀ ਹੈ। ਕਾਂਗਰਸ, ਬੀ ਜੇ ਪੀ, ਸੀ ਪੀ ਆਈ (ਐਮ), ਬੀ ਐਸ ਪੀ, ਡੀ ਐਮ ਕੇ ਵਗੈਰਾ ਨੇ ਉਨ੍ਹਾਂ ਦਾ ਕੁਝ ਵੀ ਨਹੀਂ ਸੁਆਰਿਆ ਅਤੇ ਨਾ ਸੁਆਰ ਸਕਦੇ ਹਨ।

ਆਪਣੇ ਹੱਕਾਂ ਲਈ ਲੜਨ ਦੇ ਨਾਲ ਨਾਲ ਉਨ੍ਹਾਂ ਨੂੰ ਹੋਰ ਸਾਰੇ ਦੱਬੇ ਕੁਚਲੇ ਲੋਕਾਂ, ਮਜ਼ਦੂਰਾਂ, ਕਿਸਾਨਾਂ ਤੇ ਕਬਾਇਲੀ ਲੋਕਾਂ ਦੇ ਹੱਕਾਂ ਲਈ ਵੀ ਲੜਨਾ ਪਵੇਗਾ। ਉਨ੍ਹਾਂ ਨੂੰ ਸਭਨਾਂ ਦੇ ਹੱਕਾਂ ਦੀ ਰਾਖੀ ਲਈ ਘੋਲ ਵਿਚ ਮੋਢੇ ਨਾਲ ਮੋਢਾ ਜੋੜ ਕੇ ਇਕ  ਨਵੇਂ ਸਮਾਜ ਦੀ ਉਸਾਰੀ ਕਰਨੀ ਪਵੇਗੀ। ਇਸ ਨਵੀਂ ਉਸਾਰੀ ਨਾਲ ਹੀ ਉਨ੍ਹਾਂ ਦੀ ਮੁਕਤੀ ਸੰਭਵ ਹੈ। ਵਕਤੀ ਤੌਰ ਤੇ ਉਨ੍ਹਾਂ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਪਿੰਡਾਂ ਅਤੇ ਸ਼ਹਿਰਾਂ ਵਿਚ ਰਾਖੀ ਕਮੇਟੀਆਂ ਦੀ ਲੋੜ ਹੈ ਜੋ ਦਲਿਤਾਂ ਦੇ ਹੱਕਾਂ ਤੇ ਹੋ ਰਹੇ ਹਮਲਿਆਂ ਦਾ ਮੂੰਹ ਤੋੜ ਜਵਾਬ ਦੇਣ ਦੇ ਕਾਬਲ ਹੋਣ। ਪਿੰਡਾਂ ਅਤੇ ਸ਼ਹਿਰਾਂ ਵਿਚ ਹੋਰ ਮਜ਼ਲੂਮ ਲੋਕਾਂ, ਮਜ਼ਦੂਰਾਂ ਅਤੇ ਕਿਸਾਨਾਂ ਨੂੰ ਇਨ੍ਹਾਂ ਰਾਖੀ ਕਮੇਟੀਆਂ ਦੀ ਪੁਰਜ਼ੋਰ ਹਮੈਤ ਕਰਨ ਦੀ ਲੋੜ ਹੈ। ਇਸ ਤਰ੍ਹਾਂ ਉਹ ਇਕ ਦੂਜੇ ਦੇ ਹੱਕਾਂ ਦੀ ਰਾਖੀ ਕਰ ਕੇ ਸਭਨਾਂ ਦੇ ਹੱਕਾਂ  ਦੀ ਰਾਖੀ  ਲਈ ਇਕ ਵੱਡੀ ਪੁਲਾਂਘ ਪੁੱਟ ਸਕਦੇ ਹਨ ਅਤੇ ਨਵੇਂ ਸਮਾਜ ਦੀ ਨੀਂਹ ਰੱਖ ਸਕਦੇ ਹਨ।